ਮਿੱਠੇ ਬੱਚੇ:- "ਮਿੱਠੇ ਬੱਚੇ:- ਸਰਵਿਸ ਦਾ ਸ਼ੌਂਕ ਰੱਖੋ, ਵਿਸ਼ਾਲ ਬੁੱਧੀ ਬਣ ਸਰਵਿਸ ਦੀਆਂ ਵੱਖ - ਵੱਖ ਯੁਕਤੀਆਂ ਕੱਢੋ, ਜੋ ਗੱਲਾਂ ਬਿਗਰ ਅਰਥ ਹਨ, ਉਹਨਾਂ ਨੂੰ ਕਰੇਕਟ ਕਰੋ"

ਪ੍ਰਸ਼ਨ:- ਆਤਮਾ ਜੋ ਅਜਾਮਿਲ ਵਰਗੀ ਗੰਦੀ ਬਣ ਗਈ ਹੈ ਉਸਨੂੰ ਸਾਫ਼ ਕਰਨ ਦਾ ਸਾਧਨ ਕੀ ਹੈ?

ਉੱਤਰ:- ਉਸਨੂੰ ਗਿਆਨ ਮਾਨ ਸਰੋਵਰ ਵਿੱਚ ਡਬੋ ਦਵੋ, ਜੇਕਰ ਗਿਆਨ ਸਾਗਰ ਵਿੱਚ ਡੁੱਬੇ ਤਾਂ ਆਤਮਾ ਦੀ ਮੈਲ ਸਾਫ਼ ਹੋ ਜਾਏਗੀ।

ਪ੍ਰਸ਼ਨ:- ਬ੍ਰਾਹਮਣਾਂ ਦੇ ਲਈ ਸਬ ਤੋਂ ਵੱਡਾ ਪਾਪ ਕਿਹੜਾ ਹੈ?

ਉੱਤਰ:- ਬ੍ਰਾਹਮਣ ਜੇਕਰ ਬਾਪ ਦੀ ਆਗਿਆ ਨਾ ਮੰਨਣ ਤਾਂ ਇਹ ਵੱਡਾ ਪਾਪ ਹੈ। ਬਾਪ ਦੀ ਪਹਿਲੀ ਆਗਿਆ ਹੈ ਮੈਨੂੰ ਨਿਰੰਤਰ ਯਾਦ ਕਰੋ ਪਰ ਬੱਚੇ ਇਸ ਵਿੱਚ ਫੇਲ੍ਹ ਹੋ ਜਾਂਦੇ ਹਨ। ਫਿਰ ਮਾਇਆ ਕੋਈ ਨਾ ਕੋਈ ਵਿਕਰਮ ਕਰਵਾ ਦਿੰਦੀ ਹੈ।

ਗੀਤ:- ਛੋੜ ਵੀ ਦੇ ਅਕਾਸ਼ ਸ਼ਿਹਾਸਨ...

ਓਮ ਸ਼ਾਂਤੀ। ਬੱਚਿਆਂ ਦੀ ਬੁੱਧੀ ਵਿੱਚ ਕੀ ਆਉਂਦਾ ਹੈ? ਕੌਣ ਆਇਆ ਹੈ? (ਬਾਪ, ਟੀਚਰ , ਸਤਿਗੁਰੂ) ਮਾਤ - ਪਿਤਾ ਅੱਖਰ ਤਾਂ ਜਰੂਰ ਚਾਹੀਦਾ ਹੈ। ਮਾਤ -ਪਿਤਾ ਅੱਖਲਗਮਰ ਭਾਰਤ ਵਿੱਚ ਪ੍ਰਚੱਲਿਤ ਹੈ। ਤੁਸੀਂ ਮਾਤ- ਪਿਤਾ.. ਪਿੱਛੇ ਤੁਸੀਂ ਕਹਿ ਸਕਦੇ ਹੋ ਬਾਪ -ਦਾਦਾ। ਉਵੇਂ ਤਾਂ ਮਾਤ -ਪਿਤਾ ਵਿੱਚ ਬਾਪ - ਦਾਦਾ ਆ ਜਾਂਦਾ ਹੈ ਪਰ ਨਹੀਂ, ਇਹ ਸਮਝਾਉਣ ਦਾ ਤਰੀਕਾ ਹੈ ਕਿਉਂਕਿ ਬਾਪ ਹੈ ਮਾਂ ਵੀ ਜਰੂਰ ਚਾਹੀਦੀ ਹੈ। ਹੁਣ ਮਾਤਾ ਪਹਿਲੇ ਕੌਣ ਹੈ? ਇਹ ਹੈ ਗੁਹੇ ਤੇ ਗੁਹੇ ਗੱਲ, ਜੋ ਕੋਈ ਸਮਝ ਨਾ ਸਕੇ। ਕੀ ਪ੍ਰਜਾਪਿਤਾ ਬ੍ਰਹਮਾ ਹੋਣ ਨਾਲ ਵੀ ਮਾਤਾ ਚਾਹੀਦੀ ਹੈ? ਪ੍ਰਜਾਪਿਤਾ ਬ੍ਰਹਮਾ ਦੇ ਨਾਲ ਕੋਈ ਪ੍ਰਜਾਪਤਨੀ ਵੀ ਚਾਹੀਦੀ ਹੈ? ਨਹੀਂ। ਪ੍ਰਜਾਪਤਨੀ ਨਹੀਂ ਚਾਹੀਦੀ ਹੈ, ਕਿਉਂਕਿ ਮੁਖ ਵੰਸ਼ਾਵਲੀ ਹਨ ਇਸਲਈ ਬ੍ਰਹਮਾ ਦੀ ਪਤਨੀ ਕੋਈ ਹੋ ਨਹੀਂ ਸਕਦੀ। ਇਹ ਬਹੁਤ ਗੁਹੇ ਅਤੇ ਗੰਭੀਰ ਗੱਲਾਂ ਹਨ, ਇਸਨੂੰ ਸਮਝਣ ਅਤੇ ਧਾਰਨ ਕਰਨ ਦੇ ਲਈ ਬੁੱਧੀ ਚਾਹੀਦੀ ਹੈ। ਇਹ ਇੱਕ ਬਾਪ ਹੈ ਜੋ ਬੱਚਿਆਂ ਦੇ ਸੱਮੁਖ ਆਉਂਦੇ ਹਨ। ਤੁਸੀਂ ਤਾਂ ਸਮਝਦੇ ਹੋ ਮਾਤ - ਪਿਤਾ ਬਾਪ - ਦਾਦਾ ਸਮੁੱਖ ਆਇਆ ਹੈ। ਬੱਚੇ ਬਾਹਰ ਵਿੱਚ ਸਰਵਿਸ ਕਰਦੇ ਹਨ, ਸੈਂਟਰਜ਼ ਤੇ ਜੋ ਰਹਿੰਦੇ ਹਨ ਉਹ ਇਹ ਨਹੀਂ ਜਾਣਦੇ ਕਿ ਮਾਤ -ਪਿਤਾ ਬਾਪ - ਦਾਦਾ ਸਮੁੱਖ ਆਏ ਹਨ। ਉਹ ਸਮਝਣਗੇ ਫਲਾਣੀ ਬੀ. ਕੇ. ਅਤੇ ਬ੍ਰਹਮਾਕੁਮਾਰੀ ਆਈ ਹੈ। ਇਹ ਮੰਮਾ ਅਡੋਪਡ ਕੀਤੀ ਹੋਈ ਹੈ। ਸਭਤੋਂ ਲੱਕੀ ਸਿਤਾਰਾ ਅੰਬਾ ਹੈ, ਇਹ ਸੰਭਾਲਣ ਦੇ ਲਈ ਮੁਖ ਹੈ ਇਸਲਈ ਇਹਨਾਂ ਤੇ ਕਲਸ਼ ਰਹਿੰਦਾ ਹੈ ਅਤੇ ਇਹ (ਬ੍ਰਹਮਾ) ਤਾਂ ਹੋ ਗਈ ਬ੍ਰਹਮ ਪੁੱਤਰਾ, ਮੇਲ ਦੇ ਰੂਪ ਵਿੱਚ। ਤਾਂ ਸਰਸਵਤੀ ਜਰੂਰ ਚਾਹੀਦੀ ਹੈ। ਸਰਸਵਤੀ ਨੂੰ ਹੀ ਜਗਤ ਅੰਬਾ ਕਿਹਾ ਜਾਏ। ਇਸ ਮੇਲ ਨੂੰ ਤਾਂ ਜਗਤ ਅੰਬਾ ਕਹਾਂਗੇ। ਇਹ ਬੜਾ ਵਧੀਆ ਰਾਜ਼ ਹੈ ਜੋ ਕੋਈ ਵੀ ਗੀਤਾ - ਭਗਵਤ ਵਿੱਚ ਨਹੀਂ ਹੈ! ਸ਼ਾਸਤਰਾਂ ਵਿੱਚ ਕਹਾਣੀਆਂ ਬੈਠ ਲਿਖੀਆਂ ਹਨ। 5 ਹਜ਼ਾਰ ਵਰ੍ਹੇ ਪਹਿਲੇ ਅਤੇ 2500 ਵਰ੍ਹੇ ਪਹਿਲੇ ਕੀ ਹੋਇਆ ਸੀ ਸੋ ਬੈਠ ਲਿਖਦੇ ਹਨ। ਉਹ ਨਾਮ, ਰੂਪ ਦੇਸ਼, ਕਾਲ ਤੇ ਕੁਝ ਹੈ ਨਹੀਂ। ਨਾਟਕ ਵੀ ਅਨੇਕ ਤਰ੍ਹਾਂ ਦੇ ਬਣਾਉਂਦੇ ਹਨ। ਇਹ ਬਾਪ ਬੈਠ ਸਮੁੱਖ ਚੰਗੀ ਤਰ੍ਹਾਂ ਸਮਝਾਉਂਦੇ ਹਨ ਕਿ ਬੱਚੇ ਹਰ ਇੱਕ ਗੱਲ ਨੂੰ ਪੂਰਾ ਸਮਝ ਜਾਣ। ਇਹਨਾਂ ਗੀਤਾ ਵਿੱਚ ਕੋਈ ਬਿਗਰ ਅਰਥ ਅੱਖਰ ਹਨ। ਹੁਣ ਅਕਾਸ਼ ਤੱਤਵ ਤੇ ਇਹ ਹੈ, ਇਸ ਵਿੱਚ ਤੇ ਅਸੀਂ ਬੈਠੇ ਹਾਂ। ਜਿਸ ਪਾਰਲੌਕਿਕ ਬਾਪ ਨੂੰ ਸਭ ਯਾਦ ਕਰਦੇ ਹਨ। ਉਹ ਕੋਈ ਆਕਾਸ਼ ਤੱਤਵ ਵਿੱਚ ਆਉਂਦੇ ਨਹੀਂ ਹਨ। ਜੇਕਰ ਸ਼੍ਰੀਕ੍ਰਿਸ਼ਨ ਦੀ ਆਤਮਾ ਕਹੇ ਉਹ ਤਾਂ ਇੱਥੇ ਹੀ ਹੈ। ਸਭ ਮੁਖ - ਮੁਖ ਆਤਮਾਵਾਂ, ਧਰਮ ਸੰਸਥਾਪਕ ਆਦਿ ਇੱਥੇ ਹੀ ਹਨ। ਸ਼੍ਰੀਕ੍ਰਿਸ਼ਨ ਦੀ ਆਤਮਾ ਵੀ 84ਵੇ ਜਨਮ ਵਿੱਚ ਇੱਥੇ ਹੀ ਹੈ। ਉਹਨਾਂ ਦੀ ਆਤਮਾ ਨੂੰ ਤੇ ਬੁਲਾ ਨਹੀਂ ਸਕਦੇ । ਇਹ ਪਰਮਪਿਤਾ ਪਰਮਿਤਾ ਨੂੰ ਬੁਲਾਇਆ ਜਾਂਦਾ ਹੈ ਕਿ ਆਓ, ਆਪਣਾ ਮਹਾਤਤਵ ਨਿਰਵਾਣਧਾਮ ਨੂੰ ਛੱਡਕੇ ਉੱਥੇ ਤੋਂ ਆਓ। ਤੁਸੀਂ ਆਤਮਾਵਾਂ ਦਾ ਸ਼ਿਹਾਸਨ ਤਾਂ ਮਹਾਤੱਤਵ ਹੈ। ਆਕਾਸ਼ ਵਿੱਚ ਤਾਂ ਤੁਸੀਂ ਆਤਮਾਵਾਂ ਰਹਿੰਦੀਆਂ ਹੋ। ਇਹ ਮੰਡਵਾ ਹੈ, ਖੇਲ ਚੱਲਣ ਦਾ। ਜਦੋ ਗੀਤ ਸੁਣਦੇ ਹੋ, ਦਿਲ ਵਿੱਚ ਆਪੇਹੀ ਕ੍ਰਿਕਟ ਕਰਦੇ ਜਾਓ। ਇਹ ਤਾਂ ਜਿਨ੍ਹਾਂ ਨੇ ਨਾਟਕ ਬਣਾਏ ਹਨ ਉਹਨਾਂ ਨੇ ਫਿਰ ਗੀਤ ਬਣਾਏ ਹਨ। ਫਿਲਮ ਸ਼ੂਟ ਕਰਨ ਵਾਲਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਇਸ ਵਿੱਚ ਬੜੀ ਵਿਸ਼ਾਲ ਬੁੱਧੀ ਚਾਹੀਦੀ ਹੈ। ਬਾਬਾ ਰਾਏ ਦਿੰਦੇ ਹਨ ਸਰਵਿਸ ਕਰਨ ਦੇ ਲਈ। ਇਹ ਡਰਾਮਾ ਜਿਸਨੇ ਬਣਾਇਆ ਹੈ, ਉਹਨਾਂ ਨੂੰ ਸਮਝਾਉਣਾ ਚਾਹੀਦਾ ਹੈ। ਉਸ ਨਾਲ ਮਿਲਣਾ ਚਾਹੀਦਾ ਹੈ। ਇੰਨੀ ਸਮਝ ਚਾਹੀਦੀ ਹੈ। ਬਾਪ ਤਾਂ ਡਾਇਰੈਕਸ਼ਨ ਦੇਣਗੇ। ਬਾਪ ਨੂੰ ਤੇ ਜਾਕੇ ਨਹੀਂ ਪੁੱਛਣਾ ਹੈ। ਬਾਪ ਤੁਹਾਨੂੰ ਬੱਚਿਆਂ ਨੂੰ ਡਾਈਰੈਕਸ਼ਨ ਦੇਣਗੇ - ਇਵੇਂ - ਇਵੇਂ ਕਰੋ, ਸ਼੍ਰੀਮਤ ਤੇ ਚੱਲੋ। (ਗੀਤ) ਅਸਲ ਵਿੱਚ ਧਰਤੀ ਇਹ ਭਾਰਤ ਖੰਡ ਹੈ। ਭਾਰਤ ਵਿੱਚ ਹੀ ਉਹਨਾਂ ਦਾ ਆਉਣਾ ਹੁੰਦਾ ਹੈ। ਭਾਰਤ ਹੀ ਉਹਨਾਂ ਦਾ ਬ੍ਰਥ ਪਲੇਸ ਹੈ। ਸਭ ਉਸ ਨਿਰਾਕਾਰ ਫਾਦਰ ਨੂੰ ਹੀ ਬੁਲਾਉਂਦੇ ਹਨ। ਸ਼੍ਰੀਕ੍ਰਿਸ਼ਨ ਤਾਂ ਸਭ ਦਾ ਫਾਦਰ ਨਹੀਂ ਹੈ। ਅਤੇ ਮੁਰਲੀ ਜੋ ਵਿਖਾਉਂਦੇ ਹਨ ਉਹ ਕੋਈ ਕਾਠ ਦੀ ਤੁਤਾਰੀ ਤੇ ਨਹੀਂ ਹੈ, ਜੋ ਸ਼੍ਰੀਕ੍ਰਿਸ਼ਨ ਦੇ ਹੱਥ ਵਿਚ ਦਿੰਦੇ ਹਨ। ਮੁਰਲੀ ਤਾਂ ਅਸਲ ਵਿਚ ਗਿਆਨ ਦੀ ਹੈ।

ਗੋਡੇਜ ਆਫ ਨਾਲ਼ੇਜ਼ ਸਰਸਵਤੀ ਨੂੰ ਕਹਿੰਦੇ ਹਨ। ਰਾਧੇ ਨੂੰ ਨਹੀਂ ਕਹਾਂਗੇ, ਸ਼੍ਰੀਕ੍ਰਿਸ਼ਨ ਨੂੰ ਵੀ ਨਹੀਂ ਕਹਾਂਗੇ। ਇਹ ਤਾਂ ਜੋੜੀ ਹੈ ਬਾਪ

ਅਤੇ ਬੱਚੇ ਦੀ। ਸਰਸਵਤੀ ਨੂੰ ਕਿਹਾ ਜਾਂਦਾ ਹੈ ਗੋਡੇਜ ਆਫ ਨਾਲੇਜ਼ ਤਾਂ ਜਰੂਰ ਪ੍ਰਜਾਪਿਤਾ ਬ੍ਰਹਮਾ ਬ੍ਰਹਮਾ ਪੁੱਤਰਾ ਵੀ ਗੌਡ ਆਫ ਨਾਲੇਜ਼ ਹੋਣਾ ਚਾਹੀਦਾ ਹੈ। ਲੇਕਿਨ ਬ੍ਰਹਮਾ ਦੇ ਲਈ ਤਾਂ ਗਾਇਆ ਨਹੀਂ ਜਾਂਦਾ। ਗੌਡ ਇਜ਼ ਨਾਲੇਜਫੁਲ ਕਿਹਾ ਜਾਂਦਾ ਹੈ। ਬ੍ਰਹਮਾ ਨਾਲੇਜ਼ਫੁਲ ਨਹੀਂ, ਗੋਡ ਇੰਜ ਨਾਲੇਜ਼ਫੁਲ। ਪਰਮਪਿਤਾ ਪਰਮਾਤਮਾ ਗਿਆਨ ਦਾ ਸਾਗਰ ਹੈ ਤਾਂ ਜਰੂਰ ਆਪਣੇ ਬੱਚਿਆਂ ਨੂੰ ਗਿਆਨ ਦੇਣਗੇ। ਪਹਿਲੇ - ਪਹਿਲੇ ਇਹਨਾਂ ਵਿੱਚ ਪ੍ਰਵੇਸ਼ ਕਰ ਇਹਨਾਂ ਦਵਾਰਾ ਦੂਸਰਿਆਂ ਨੂੰ ਦਿੰਦੇ ਹਨ, ਇਹਨਾਂ ਵਿੱਚ ਸਭ ਲੱਕੀ ਸਿਤਾਰੇ ਆ ਜਾਂਦੇ ਹਨ। ਗਿਆਨ ਸੂਰਜ, ਫਿਰ ਗਿਆਨ ਚੰਦਰਮਾਂ ਇਹ (ਬ੍ਰਹਮਾ) ਹੋਏ, ਫਿਰ ਚਾਹੀਦਾ ਹੈ ਗਿਆਨ ਚੰਦਰਮਾਂ ਦੇ ਨਜ਼ਦੀਕ ਇੱਕ ਸਿਤਾਰਾ, ਜੋ ਚੰਦਰਮਾ ਦੇ ਸਾਹਮਣੇ ਖੜ੍ਹਾ ਰਹਿੰਦਾ ਹੈ। ਉਹ ਬਹੁਤ ਤਿੱਖਾ ਹੁੰਦਾ ਹੈ। ਉਹਨਾਂ ਨੂੰ ਗਿਆਨ ਲੱਕੀ ਸਿਤਾਰੇ ਕਹਾਂਗੇ। ਉਹਨਾਂ ਦਾ ਨਾਮ ਸਰਸਵਤੀ ਰੱਖਿਆ ਹੋਇਆ ਹੈ। ਸਰਸਵਤੀ ਬੇਟੀ ਹੋ ਗਈ ਨਾ। ਇਹ ਤਾਂ ਬਾਪ ਵੀ ਹੋਇਆ, ਵੱਡੀ ਨਦੀ ਵੀ ਹੋਈ। ਬਹੁਤ ਵੱਡੀ ਨਦੀ ਹੈ। ਸਭ ਨਦੀਆਂ ਦਾ ਮੇਲ ਸਾਗਰ ਵਿੱਚ ਹੁੰਦਾ ਹੈ। ਸਾਗਰ ਅਤੇ ਨਦੀਆਂ ਦਾ ਮੇਲਾ ਹੁੰਦਾ ਹੈ। ਸਰਸਵਤੀ ਵੀ ਸਾਗਰ ਵਿੱਚ ਮਿਲਦੀ ਹੈ। ਉਹਨਾਂ ਦਾ ਮੇਲਾ ਨਹੀਂ ਲੱਗਦਾ ਹੈ। ਮੇਲਾ ਬ੍ਰਹਮਾ ਪੁੱਤਰਾ ਨਦੀ ਦਾ ਲਗਦਾ ਹੈ। ਇਹ ਨਦੀ ਵੰਡਰਫੁੱਲ ਹੈ, ਮੇਲ ਹੈ। ਨਦੀ ਤਾਂ ਫੀਮੇਲ ਨੂੰ ਕਿਹਾ ਜਾਂਦਾ ਹੈ। ਇਹ ਗੁਹੇ ਰਾਜ ਬਹੁਤ ਸਮਝਣ ਲਾਇਕ ਹਨ। ਪਰ ਇਹ ਗੱਲਾਂ ਪਹਿਲੇ - ਪਹਿਲੇ ਕਿਸੇ ਨੂੰ ਨਹੀਂ ਦੱਸਣੀਆਂ ਚਾਹੀਦੀਆਂ ਹਨ। ਪਹਿਲੇ ਤਾਂ ਲੌਕਿਕ ਮਾਤ -ਪਿਤਾ, ਪਾਰਲੌਕਿਕ ਮਾਤ - ਪਿਤਾ ਦਾ ਰਾਜ਼ ਸਮਝਾਉਣਾ ਚਾਹੀਦਾ ਹੈ। ਲੌਕਿਕ ਮਾਤ - ਪਿਤਾ ਕੋਲੋਂ ਅਲਪਕਾਲ ਸ਼ਨਭੰਗੁਰ ਸੁਖ ਦਾ ਵਰਸਾ ਮਿਲਦਾ ਆਇਆ ਹੈ। ਇਹ ਤਾਂ ਪੱਕਾ ਯਾਦ ਰਹਿਣਾ ਚਾਹੀਦਾ ਹੈ। ਦੂਸਰਾ ਕੋਈ ਦੋ ਬਾਪ ਦਾ ਰਾਜ਼ ਸਮਝਾ ਨਾ ਸਕੇ। ਉਹ ਤਾਂ ਜਾਣਦੇ ਹੀ ਨਹੀਂ। ਗਾਉਂਦੇ ਵੀ ਹਨ ਤੁਮ ਮਾਤ -ਪਿਤਾ.... ਹੁਣ ਪਿਤਾ ਸਰਵਵਿਆਪੀ ਹੈ ਤਾਂ ਮਾਤਾ ਕਿੱਥੇ ਗਈ? ਇਹ ਸਮਝਣ ਦੀਆਂ ਗੱਲਾਂ ਹਨ ਨਾ। ਮਾਤ - ਪਿਤਾ ਚਾਹੀਦੇ ਹਨ ਨਾ। ਮਾਤ - ਪਿਤਾ ਕਿਹਾ ਜਾਂਦਾ ਹੈ ਨਿਰਾਕਾਰ ਨੂੰ। ਪਰ ਇਹ ਸਮਝਦੇ ਨਹੀਂ ਕਿ ਇਹਨਾਂ ਨੂੰ ਮਾਤ -ਪਿਤਾ ਕਿਉਂ ਕਿਹਾ ਜਾਂਦਾ ਹੈ! ਉਹ ਤਾਂ ਗੋਡ ਫ਼ਾਦਰ ਹਨ। ਫਿਰ ਕਹਿੰਦੇ ਹਨ ਏਡਮ ਅਤੇ ਇਵ, ਏਡਮ ਹੀ ਇਵ ਹੈ, ਇਹ ਨਹੀਂ ਸਮਝਦੇ। ਪ੍ਰਜਾਪਿਤਾ ਬ੍ਰਹਮਾ ਉਹ ਹੀ ਫਿਰ ਮਾਤਾ ਹੋ ਜਾਂਦੀ ਹੈ। ਏਡਮ ਅਤੇ ਇਵ ਮਤਲਬ ਆਦਮ - ਬੀਬੀ ਕਹਿੰਦੇ ਹਨ। ਪਰ ਅਰਥ ਨਹੀਂ ਸਮਝ ਸਕਦੇ ਹਨ। ਬੱਚੇ ਸਮਝ ਸਕਦੇ ਹਨ ਆਦਮ - ਬੀਵੀ ਅਸਲ ਵਿੱਚ ਇਹ ਹੈ। ਬੀਵੀ ਸੋ ਆਦਮ ਹੈ। ਇਹਨਾਂ ਨੂੰ ਬੀਵੀ - ਆਦਮ ਦੋਵੇਂ ਹੀ ਕਹਿ ਦਿੰਦੇ ਹਨ। ਉਹ ਤਾਂ ਹੈ ਬਾਪ। ਇਹ ਬੜੀ ਪੇਚੀਲੀ ਗੱਲਾਂ ਹਨ। ਭਾਰਤ ਵਿੱਚ ਗਾਉਂਦੇ ਹਨ ਤੁਸੀਂ ਮਾਤ - ਪਿਤਾ .... ਇਵੇਂ ਹੀ ਸੁਣੀ - ਸੁਣਾਈ ਤੇ ਗਾਉਂਦੇ ਰਹਿੰਦੇ ਹਨ, ਅਰਥ ਕੁਝ ਨਹੀਂ ਸਮਝਦੇ।

ਸਤਿਯੁਗ ਨੂੰ ਬਹੁਤ ਦੂਰ ਲੈ ਗਏ ਹਨ। ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਲਾਂਗ - ਲਾਂਗ ਵੀ ਕਿੰਨਾ? ਕਹਾਣੀ ਤਾਂ ਨਜ਼ਦੀਕ ਦੀ ਹੀ ਸੁਣਾਈ ਜਾਂਦੀ ਹੈ। ਤੁਸੀਂ ਸਮਝਾ ਸਕਦੇ ਹੋ ਲਾਂਗ - ਲਾਂਗ ਅਗੋ ਯਾਨੀ 5 ਹਜ਼ਾਰ ਵਰ੍ਹੇ ਪਹਿਲੇ ਇਸ ਭਾਰਤ ਵਿੱਚ ਦੇਵੀ-ਦੇਵਤਾਵਾਂ ਦਾ ਅਖੰਡ, ਅਟਲ, ਸੁਖ - ਸ਼ਾਂਤੀਮਯ ਰਾਜ ਸੀ। ਹੋਰ ਕੋਈ ਰਾਜ ਨਹੀਂ ਸੀ। ਇਹ ਅੱਖਰ ਕੋਈ ਵਿਦਵਾਨ, ਅਚਾਰਯ ਕਹਿ ਨਹੀਂ ਸਕਦੇ। ਦੇਵੀ - ਦੇਵਤਾਵਾਂ ਦਾ ਰਾਜ ਸੀ, ਪਤਾ ਹੋਣਾ ਚਾਹੀਦਾ ਹੈ ਕਿਵੇਂ ਸਥਾਪਨ ਹੋਇਆ? ਲਕਸ਼ਮੀ - ਨਰਾਇਣ ਕਿਵੇਂ ਬਣੇ? ਕਿਵੇਂ ਉਹਨਾਂ ਦੀ ਰਾਜਾਈ ਸਥਾਪਨ ਹੋਈ? ਉਹਨਾਂ ਤੋਂ ਪਹਿਲੇ ਤਾਂ ਕਲਿਯੁਗ ਸੀ। ਬਰੋਬਰ ਕਲਿਯੁਗ ਦਾ ਅੰਤ ਹੁਣ ਹੈ ਅਤੇ ਕਲਿਯੁਗ ਦੇ ਬਾਅਦ ਫਿਰ ਸਤਿਯੁਗ ਹੋਵੇਗਾ। ਸਤਿਯੁਗ ਸਾਹਮਣੇ ਆ ਗਿਆ ਹੈ। ਜੋ ਲਾਂਗ - ਲਾਂਗ ਸੀ ਉਹ ਸਾਹਮਣੇ ਆ ਗਿਆ। 84 ਜਨਮ ਲੈਂਦੇ - ਲੈਂਦੇ ਹੁਣ ਕਲਿਯੁਗ ਦਾ ਅੰਤ ਆਕੇ ਹੋਇਆ ਹੈ। ਹੁਣ ਤੁਹਾਨੂੰ ਕਹਾਂਗੇ 5 ਹਜ਼ਾਰ ਵਰ੍ਹੇ ਪਹਿਲੇ ਇਹਨਾਂ ਲਕਸ਼ਮੀ - ਨਰਾਇਣ ਦਾ ਸਤਿਯੁਗ ਵਿੱਚ ਰਾਜ ਸੀ, ਹੁਣ ਨਹੀਂ ਹੈ। ਹੁਣ ਟਾਇਮ ਆਕੇ ਪੂਰਾ ਹੋਇਆ ਹੈ। ਫਿਰ ਤੋਂ ਲਕਸ਼ਮੀ ਨਰਾਇਣ ਦਾ ਰਾਜ ਸਥਾਪਨ ਹੋ ਰਿਹਾ ਹੈ, ਇਹ ਤੁਹਾਡੀ ਬੁੱਧੀ ਵਿੱਚ ਹੈ। ਜਿਸਦੇ ਲਈ ਤੁਸੀਂ ਪੁਰਸ਼ਾਰਥ ਕਰ ਰਹੇ ਹੋ। ਇਹ ਹੈ ਸਮਝਾਉਣ ਦੀ ਗੱਲ। ਇਹ ਤਾਂ ਸੱਚੀ ਗੀਤਾ ਆਦਿ ਇਸਲਈ ਲਿਖੀ ਜਾਂਦੀ ਹੈ ਕਿ ਪੜ੍ਹਕੇ ਰਿਫ੍ਰੇਸ਼ ਹੁੰਦੇ ਰਹਿਣ। ਇਹ ਜਾਣਦੇ ਹਨ ਜੋ ਲਿਖਿਆ ਜਾਂਦਾ ਹੈ ਉਹ ਫਿਰ ਪ੍ਰਾਯ: ਲੋਪ ਹੋ ਜਾਏਗਾ। ਇਹ ਸੱਚੀ ਗੀਤਾ ਵੀ ਨਹੀਂ ਰਹੇਗੀ। ਜੋ ਤੁਸੀਂ ਲਿਖਦੇ ਹੋ ਉਹ ਸੱਚਾ ਗਿਆਨ ਪ੍ਰਾਯ: ਲੋਪ ਹੋ ਜਾਣਾ ਹੈ ਅਤੇ ਨਾਲ - ਨਾਲ ਸ਼ਾਸਤਰ ਵੀ ਸਭ ਪ੍ਰਾਯ ਲੋਪ ਹੋ ਜਾਣਗੇ। ਸਤਿਯੁਗ - ਤ੍ਰੇਤਾ ਵਿੱਚ ਸ਼ਾਸਤਰ ਹੁੰਦੇ ਨਹੀਂ। ਫਿਰ ਕਲਪ ਪਹਿਲੇ ਵਰਗੇ ਦਵਾਪਰ ਵਿੱਚ ਬਣੇ ਸੀ ਉਵੇਂ ਬਣਨ ਲੱਗ ਪੈਣਗੇ। ਇਹ ਹੈ ਭਗਤੀ ਮਾਰਗ ਦੀ ਸਮਗ੍ਰੀ। ਰਚਨਾ ਦੀ ਸਮਗ੍ਰੀ ਬਹੁਤ ਵੱਡੀ ਹੈ। ਤੁਸੀਂ ਗਿਆਨ ਸੈਕਿੰਡ ਵਿੱਚ ਲੈ ਲੈਂਦੇ ਹੋ। ਸਾਰੀ ਰਚਨਾ ਦੇ ਆਦਿ -ਮੱਧ - ਅੰਤ ਨੂੰ ਤੁਸੀਂ ਜਾਣਦੇ ਹੋ। ਅੰਗੇ - ਅੱਖਰੇ (ਤਿੱਖੀ ਤਾਰੀਖ਼ ਸਹਿਤ) ਪੂਰਾ ਹਿਸਾਬ - ਕਿਤਾਬ ਹੈ। 84 ਜਨਕ ਸਭ ਨਹੀਂ ਲੈਂਦੇ ਹਨ। ਕਈ 70 ਲੈਂਦੇ, ਕੋਈ 60 ਲੈਂਦੇ, ਕੋਈ ਦੋ ਵੀ ਲੈਂਦੇ ਹਨ। ਉਹ ਸਾਰਾ ਮਿਨੀਮਮ ਅਤੇ ਮੈਕਸੀਮਮ ਦਾ ਹਿਸਾਬ ਹੈ। ਪਿੱਛੇ ਆਉਣ ਵਾਲਿਆਂ ਨੂੰ ਜਰੂਰ ਨੰਬਰਵਨ ਥੋੜ੍ਹੇ - ਥੋੜ੍ਹੇ ਜਨਮ ਹੋਣਗੇ। ਉਸਦਾ ਫਿਰ ਵਿਸਤਾਰ ਕਰਨਾ ਫਾਲਤੂ ਹੋ ਜਾਂਦਾ ਹੈ। ਤੁਸੀਂ ਬੱਚੇ ਨਟਸ਼ੇਲ ਵਿੱਚ ਸਮਝ ਸਕਦੇ ਹੋ। 84 ਲੱਖ ਜਨਮ ਤਾਂ ਹੈ ਨਹੀਂ, 84 ਜਨਮ ਵੀ ਹਰ ਇੱਕ ਨਹੀਂ ਲੈ ਸਕਦੇ ਹਨ। ਇਵੇਂ ਹੀ ਫਿਰ ਕਹਿ ਦਿੰਦੇ ਹਨ 84 ਦਾ ਚੱਕਰ ਹੈ। 84 ਲੱਖ ਜਨਮਾਂ ਦਾ ਚੱਕਰ ਨਹੀਂ ਗਾਇਆ ਜਾਂਦਾ (ਗੀਤ) ਪਾਪ ਕਪਟ ਦੀ ਛਾਇਆ ਪੈ ਗਈ ਹੈ। ਹੁਣ ਰਾਵਣ ਦਾ ਰਾਜ ਹੈ ਨਾ। ਆਤਮਾ ਤੇ ਮੈਲ ਦੀ ਛਾਇਆ ਪੈਂਦੇ - ਪੈਂਦੇ ਹੁਣ ਬਿਲਕੁਲ ਹੀ ਅਜਾਮਿਲ ਹੋ ਗਏ ਹਨ। ਇੰਨੀ ਮੈਲ ਚੜੀ ਹੈ ਜੋ ਸਾਫ਼ ਹੁੰਦੀ ਹੀ ਨਹੀਂ। ਉਸ ਮੈਲ ਨੂੰ ਨਿਕਾਲਣ ਦੇ ਲਈ ਫਿਰ ਗਾਇਆ ਹੋਇਆ ਹੈ ਗਿਆਨ ਮਾਨਸਰੋਵਰ, ਉਸ ਵਿੱਚ ਡੁੱਬਿਆ ਰਹੇ। ਜਿਵੇਂ ਜੰਕ ਲੱਗਦੀ ਹੈ ਤਾਂ ਉਹਨਾਂ ਨੂੰ ਉਤਾਰਨੇ ਦੇ ਲਈ ਘਾਸਲੇਟ ਵਿੱਚ ਪਾਇਆ ਜਾਂਦਾ ਹੈ। ਇਹ ਵੀ ਜੰਕ ਲੱਗੀ ਹੈ ਇਸਲਈ ਗਿਆਨ ਸਾਗਰ ਵਿੱਚ ਡੁੱਬੇ ਰਹਿਣ। ਕੋਈ ਪਾਣੀ ਦੀ ਨਦੀ ਅਤੇ ਸਾਗਰ ਦੀ ਗੱਲ ਨਹੀਂ ਹੈ। ਗਿਆਨ ਸਾਗਰ ਜੋ ਗਿਆਨ ਦਿੰਦੇ ਹਨ ਉਸ ਨਾਲੇਜ ਵਿੱਚ ਤੱਤਪਰ ਰਹਿਣਾ ਹੈ। ਗ੍ਰਹਿਸਤ ਵਿਵਹਾਰ ਨੂੰ ਵੀ ਸੰਭਾਲਣਾ ਹੈ। ਉਸ ਵਿੱਚ ਕੋਈ ਮਤ ਚਾਹੀਦੀ ਹੈ ਤੇ ਲੈਂਦੇ ਰਹੋ। ਹਰ ਇੱਕ ਦਾ ਕਰਮਬੰਧੰਨ ਆਪਣਾ - ਆਪਣਾ ਹੈ। ਸਰਜਨ ਸਭਦੇ ਲਈ ਇੱਕ ਹੀ ਦਵਾ

ਦਿੰਦੇ ਹਨ। ਹਰ ਇੱਕ ਦਾ ਕਰਮਬੰਧੰਨ, ਹਰ ਇੱਕ ਦੀ ਬਿਮਾਰੀ ਆਪਣੀ - ਆਪਣੀ ਹੈ। ਇਹ 5 ਵਿਕਾਰਾਂ ਦੀ ਬਿਮਾਰੀ ਮਹਾਭਾਰੀ ਹੈ। ਇਸ ਬਿਮਾਰੀ ਨੂੰ ਕੋਈ ਜਾਣਦੇ ਹੀ ਨਹੀਂ ਹਨ। ਇਹ ਕਦੋਂ ਤੋਂ ਸ਼ੁਰੂ ਹੁੰਦੀ ਹੈ? ਆਤਮਾ ਨੂੰ ਬਿਮਾਰੀ ਲੱਗਣ ਨਾਲ ਸ਼ਰੀਰ ਨੂੰ ਵੀ ਬਿਮਾਰੀ ਲੱਗ ਜਾਂਦੀ ਹੈ। ਆਤਮਾ ਵਿੱਚ ਦੁੱਖ ਪੈਂਦਾ ਹੈ ਤਾਂ ਸ਼ਰੀਰ ਵਿੱਚ ਵੀ ਪੈ ਜਾਂਦਾ ਹੈ। ਇਹ ਗੱਲਾਂ ਸ਼ਾਸਤਰਾਂ ਵਿੱਚ ਨਹੀਂ ਹਨ। ਉਹ ਤਾਂ ਭਗਤੀ ਮਾਰਗ ਦਾ ਭਗਤੀ ਕਾਂਡ ਹੈ। ਭਗਤੀ ਦਾ ਵੀ ਬਾਬਾ ਨੇ ਦੱਸਿਆ ਹੈ ਕਿ ਪਹਿਲੇ ਹੁੰਦੀ ਹੈ ਅਵਿੱਭਚਾਰੀ ਭਗਤੀ ਫਿਰ ਰਜੋਗੁਣੀ ਵਿਭਚਾਰੀ ਭਗਤੀ। ਫਿਰ ਵਿਭਚਾਰੀ ਤਮੋਗੁਣੀ ਭਗਤੀ। ਜਿਵੇਂ - ਜਿਵੇਂ ਭਗਤਾਂ ਦੀ ਅਵਸਥਾ, ਉਵੇਂ ਭਗਤੀ ਵੀ ਹੁੰਦੀ ਜਾਂਦੀ ਹੈ। ਗਿਆਨ ਵਿੱਚ ਵੀ ਇਵੇਂ ਉਤਰਦਾ ਹੈ। ਪਹਿਲੇ 16 ਕਲਾ ਫਿਰ 14 ਕਲਾ ਫਿਰ 12 ਕਲਾ…ਪ੍ਰਾਲਬੱਧ ਜੋ ਬਣਦੀ ਹੈ , ਉਹ ਫਿਰ ਉਤਰਦੀ ਜਾਂਦੀ ਹੈ। ਤੁਸੀਂ ਬੱਚੇ ਜਾਣਦੇ ਹੋ ਕਿ ਇਹ ਕਮਾਈ ਹੈ। ਕਮਾਈ ਵਿੱਚ ਵਿਘਣ ਪੈਂਦੇ ਹਨ। ਦਿਸ਼ਾਵਾਂ ਬਦਲਦੀਆ ਹਨ। ਪੁੱਛਦੇ ਹਨ ਸਾਡੇ ਉਪਰ ਕਿਹੜੀ ਦਸ਼ਾ ਬੈਠੀ ਹੋਈ ਹੈ? ਫਿਰ ਉਹ ਲੋਕ ਦੱਸਦੇ ਹਨ। ਇਸ ਸੱਚੀ ਕਮਾਈ ਵਿੱਚ ਵੀ ਬੱਚਿਆਂ ਤੇ ਦਸ਼ਾਵਾ ਬੈਠਦੀਆਂ ਹਨ। ਕਈਆਂ ਤੇ ਰਾਹੂ ਦੀ ਦਸ਼ਾ ਬੈਠਦੀ ਹੈ, ਕਾਲਾ ਮੂੰਹ ਕਰ ਲੈਂਦੇ ਹਨ। ਬ੍ਰਹਸਪਤੀ ਦੀ ਦਸ਼ਾ ਸੀ ਫਿਰ ਮਾਇਆ ਨੇ ਥੱਪੜ ਲਗਾਇਆ ਤੇ ਰਾਹੂ ਦੀ ਦਸ਼ਾ ਬੈਠ ਗਈ। ਕਾਮ ਵਿੱਚ ਡਿੱਗਿਆ ਅਤੇ ਫਟ ਤੋਂ ਰਾਹੂ ਦਾ ਗ੍ਰਹਿਣ ਲੱਗਿਆ। ਤਾਲਾ ਬੰਦ ਹੋ ਜਾਂਦਾ ਹੈ। ਇਹ ਹੈ ਗੁਪਤ ਕੜੀ ਸਜ਼ਾ। ਉਹ ਫਿਰ ਕਦੀ ਕਹਿ ਨਹੀਂ ਸਕਣਗੇ ਕਿ ਭਗਵਾਨੁਵਾਚ ਕਾਮ ਮਹਾਸ਼ਤਰੂ ਹੈ। ਸੰਨਿਆਸੀ ਵੀ ਕਾਮ ਮਹਾਸ਼ਤਰੂ ਦੇ ਕਾਰਨ ਹੀ ਇਸਤਰੀ ਨੂੰ ਛੱਡ ਚਲੇ ਜਾਂਦੇ ਹਨ। ਇਹ ਵੀ ਨਿਰਵ੍ਰਿਤੀ ਮਾਰਗ ਦੀ ਪਵਿੱਤਰਤਾ ਭਾਰਤਵਾਸੀਆਂ ਦੇ ਲਈ ਚੰਗੀ ਹੈ। ਭਾਰਤਵਾਸੀ ਹੀ ਪਵਿੱਤਰ ਤੋਂ ਅਪਵਿੱਤਰ ਬਣਦੇ ਹਨ ਤਾਂ ਉਹਨਾਂ ਨੂੰ ਥਮਾਉਣ ਲਈ ਇਹ ਸੰਨਿਆਸੀ ਹਨ। ਮੁਰੰਮਤ ਲਈ ਇਹ ਪਵਿੱਤਰਤਾ ਹੈ। ਪਵਿੱਤਰਤਾ ਦੀ ਤਾਕਤ ਨਾਲ ਹੀ ਸ੍ਰਿਸ਼ਟੀ ਇੰਨੀ ਚੱਲਦੀ ਹੈ। ਹੁਣ ਤਾਂ ਉਹ ਵੀ ਪਤਿਤ ਬਣ ਗਏ ਹਨ। ਤੁਹਾਨੂੰ ਉਹਨਾਂ ਦੀ ਵੀ ਸਰਵਿਸ ਕਰਨੀ ਹੈ। ਸਰਵਿਸ ਦਾ ਤੁਹਾਨੂੰ ਬੱਚਿਆਂ ਨੂੰ ਬਹੁਤ - ਬਹੁਤ ਸ਼ੌਕ ਰਹਿਣਾ ਚਾਹੀਦਾ ਹੈ।

ਬੇਕਾਇਦੇ ਕੋਈ ਵੀ ਚਲਣ ਨਹੀਂ ਚੱਲਣੀ ਹੈ। ਭਾਵੇਂ ਪੁਰਸ਼ਾਰਥੀ ਹੋ, ਸੰਪੂਰਨ ਤਾਂ ਕੋਈ ਨਹੀਂ ਬਣਿਆ ਹੈ। ਕੁਝ ਨਾ ਕੁਝ ਪਾਪ ਹੁੰਦੇ ਰਹਿੰਦੇ ਹਨ। ਬਾਪ ਦੀ ਆਗਿਆ ਨਾ ਮੰਨਣਾ ਸਭਤੋਂ ਵੱਡਾ ਪਾਪ ਹੈ। ਬਾਪ ਦਾ ਫ਼ਰਮਾਨ ਹੈ ਨਿਰੰਤਰ ਮੈਨੂੰ ਯਾਦ ਕਰੋ। ਜਾਣਦਾ ਹਾਂ ਕਿ ਕਰ ਨਹੀਂ ਸਕੋਗੇ। ਪਰ ਤੁਸੀਂ ਪੂਰਾ ਪੁਰਸ਼ਾਰਥ ਹੀ ਨਹੀਂ ਕਰਦੇ ਹੋ। ਜੋ ਕਰਨਗੇ ਉਹ ਉੱਚ ਪਦਵੀ ਪਾਉਣਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** 5 ਵਿਕਾਰਾਂ ਦੀ ਬਿਮਾਰੀ ਤੋਂ ਮੁਕਤ ਹੋਣ ਦੇ ਲਈ ਸਰਜਨ ਦੀ ਰਾਏ ਲੈਂਦੇ ਰਹਿਣਾ ਹੈ। ਆਤਮਾ ਤੇ ਕੋਈ ਬਿਮਾਰੀ ਨਾ ਲੱਗੇ, ਇਸਦੀ ਸੰਭਾਲ ਕਰਨੀ ਹੈ।

**2.** ਸੱਚੀ ਕਮਾਈ ਕਰਨੀ ਅਤੇ ਕਰਾਉਣੀ ਹੈ। ਕੋਈ ਵੀ ਬੇਕਾਇਦੇ ਚੱਲਣ ਨਹੀਂ ਚਲਦੀ ਹੈ। ਰਾਹੂ ਦੀ ਦਸ਼ਾ ਕਦੀ ਨਾ ਬੈਠੇ ਇਸਦੇ ਲਈ ਬਾਪ ਦੇ ਫ਼ਰਮਾਨ ਤੇ ਸਦਾ ਚੱਲਣਾ ਹੈ।

ਵਰਦਾਨ:- ਯਾਦ ਅਤੇ ਸੇਵਾ ਦਵਾਰਾ ਸਭ ਚੱਕਰਾਂ ਨੂੰ ਸਮਾਪਤ ਕਰ ਸ਼ਮਾ ਤੇ ਫ਼ਿਦਾ ਹੋਣ ਵਾਲੇ ਸੱਚੇ ਪਰਵਾਨੇ ਭਵ ।

ਜੋ ਬੱਚੇ ਯਾਦ ਅਤੇ ਸੇਵਾ ਵਿੱਚ ਸਦਾ ਬਿਜ਼ੀ ਰਹਿੰਦੇ ਹਨ ਉਹ ਸਭ ਚੱਕਰਾਂ ਤੋਂ ਸਹਿਜ ਹੀ ਮੁਕਤ ਹੋ ਜਾਂਦੇ ਹਨ। ਕੋਈ ਵੀ ਚੱਕਰ ਰਿਹਾ ਹੋਇਆ ਹੋਵੇਗਾ ਤਾਂ ਚੱਕਰ ਹੀ ਲਗਾਉਂਦੇ ਰਹਿਣਗੇ। ਕਦੀ ਸੰਬੰਧਾਂ ਦਾ ਚੱਕਰ, ਕਦੀ ਆਪਣੇ ਸੁਭਾਵ ਦਾ ਚੱਕਰ, ਇਵੇਂ ਵਿਅਰਥ ਦੇ ਸਭ ਚੱਕਰ ਖਤਮ ਉਦੋਂ ਹੋਣਗੇ ਜਦੋਂ ਬੁੱਧੀ ਵਿੱਚ ਸਿਵਾਏ ਸ਼ਮਾ ਦੇ ਹੋਰ ਕੁਝ ਵੀ ਨਾ ਹੋਵੇ। ਸ਼ਮਾ ਤੇ ਫ਼ਿਦਾ ਹੋਣ ਵਾਲੇ ਸ਼ਮਾ ਦੇ ਸਮਾਨ ਬਣ ਜਾਂਦੇ ਹਨ। ਇਵੇਂ ਫ਼ਿਦਾ ਹੋਣ ਵਾਲੇ ਮਤਲਬ ਸਮਾ ਜਾਣ ਵਾਲੇ ਹੀ ਸੱਚੇ ਪਰਵਾਨੇ ਹਨ।

ਸਲੋਗਨ:- ਜੋ ਸੱਚੇ ਪਾਰਸ ਬਣੇ ਹਨ ਉਹਨਾਂ ਦੇ ਸੰਗ ਵਿੱਚ ਲੋਹੇ ਸ਼ਦਰਿਸ਼ ਅਤਮਾਵਾਂ ਵੀ ਸੋਨਾ ਬਣ ਜਾਂਦੀਆਂ ਹਨ।

******